BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਬਲੈਕ ਅਤੇ ਇੰਡੀਜੀਨਸ ਯੂਥ ਲਈ ਨਵਾਂ ਪਰਫੌਰਮਿੰਗ ਆਰਟਸ ਐਂਡ ਕੋ-ਓਪ ਪ੍ਰੋਗਰਾਮ ਸ਼ੁਰੂ ਕਰ ਰਹੀ ਹੈ

ਬ੍ਰੈਂਪਟਨ, ਓਨਟੈਰੀਓ (31 ਮਈ, 2021) – ਸਿਟੀ ਆਫ ਬ੍ਰੈਂਪਟਨ, ਸ਼ਨੀਵਾਰ, 5 ਜੂਨ ਨੂੰ ਪਰਫੌਰਮਿੰਗ ਆਰਟਸ ਵਿੱਚ ਆਪਣਾ ਨਵਾਂ ਬਲੈਕ ਅਤੇ ਇੰਡੀਜੀਨਸ ਯੂਥ ਇੰਟਰਨਸ਼ਿਪ ਐਂਡ ਕੋ-ਓਪ ਪ੍ਰੋਗਰਾਮ (Black and Indigenous Youth Internship and Co-op Program) ਸ਼ੁਰੂ ਕਰ ਰਹੀ ਹੈ। ਇਹ ਕੈਨੇਡਾ ਵਿੱਚ ਇਸ ਤਰ੍ਹਾਂ ਦਾ ਪਹਿਲਾ ਪ੍ਰੋਗਰਾਮ ਹੈ।

ਬਲੈਕ ਅਤੇ ਇੰਡੀਜੀਨਸ ਵਿਦਿਆਰਥੀਆਂ ਵੱਲੋਂ ਅਤੇ ਉਹਨਾਂ ਲਈ ਤਿਆਰ ਕੀਤਾ ਇਹ ਪ੍ਰੋਗਰਾਮ, ਬਲੈਕ ਅਤੇ ਇੰਡੀਜੀਨਸ ਯੂਥ ਦਾ ਜਸ਼ਨ ਮਨਾਉਣ ਅਤੇ ਉਹਨਾਂ ਦੀ ਸਥਿਤੀ ਨੂੰ ਉੱਚਾ ਚੁੱਕਣ, ਸੱਭਿਆਚਾਰਕ ਪਹੁੰਚ ਨੂੰ ਵਧਾਉਣ, ਪੇਸ਼ਾਵਰ ਵਿਕਾਸ ਲਈ ਮੌਕੇ ਪ੍ਰਦਾਨ ਕਰਨ ਅਤੇ ਵਿਦਿਆਰਥੀਆਂ ਨੂੰ ਲਾਈਵ ਪਰਫੌਰਮਿੰਗ ਆਰਟਸ ਇੰਡਸਟਰੀ ਵਿੱਚ ਭਵਿੱਖੀ ਲੀਡਰਸ਼ਿਪ ਅਹੁਦਿਆਂ ਅਤੇ ਕੈਰੀਅਰਾਂ ਵਾਸਤੇ ਤਿਆਰ ਕਰਨ ਲਈ ਬਣਾਇਆ ਗਿਆ ਸੀ।

ਬਰਾਬਰੀ ਅਤੇ ਸਮਾਜਿਕ ਪ੍ਰਭਾਵ ਤੇ ਕਾਰਵਾਈ ਦੀ ਜ਼ਰੂਰਤ ਨੂੰ ਪਛਾਣਦੇ ਹੋਏ, ਇਹ ਪ੍ਰੋਗਰਾਮ ਉਹਨਾਂ ਰੁਕਾਵਟਾਂ ਨੂੰ ਦੂਰ ਕਰਨ ਵਿੱਚ ਮਦਦ ਕਰੇਗਾ, ਜੋ ਬਲੈਕ ਅਤੇ ਇੰਡੀਜੀਨਸ ਯੂਥ ਨੂੰ ਆਰਟਸ ਵਿੱਚ ਟ੍ਰੇਨਿੰਗ ਅਤੇ ਮੌਕੇ ਹਾਸਲ ਕਰਨ ਵਿੱਚ ਆਉਂਦੀਆਂ ਹਨ। ਪ੍ਰੋਗਰਾਮ ਦੀ ਹਿਮਾਇਤ, ਅਲਗੋਮਾ ਯੂਨੀਵਰਸਿਟੀ (Algoma University) ਵੱਲੋਂ ਕੀਤੀ ਜਾ ਰਹੀ ਹੈ ਅਤੇ ਇਸਦਾ ਪ੍ਰਬੰਧ, ਲੋਕਲ ਸਕੂਲ ਬੋਰਡਾਂ ਦੇ ਨਾਲ ਮਿਲ ਕੇ, ਸਿਟੀ ਆਫ ਬ੍ਰੈਂਪਟਨ ਵੱਲੋਂ ਕੀਤਾ ਜਾ ਰਿਹਾ ਹੈ।

ਪਿਛਲੇ ਤਿੰਨ ਮਹੀਨਿਆਂ ਵਿੱਚ, ਪੰਜ ਵਿਦਿਆਰਥੀਆਂ ਦੀ ਪਹਿਲੀ ਟੋਲੀ ਨੇ, ਲੀਡ ਮੈਂਟਰਸ ਅਤੇ ਕਮਿਉਨਿਟੀ ਮੈਂਬਰਾਂ ਕੈਮਰੋਨ ਗ੍ਰਾਂਟ (Cameron Grant), ਏਂਜਲਾ ਬੋਏਰ (Angela Boyer), ਡੇਨਿਅਲ ਆਰ. ਵੌਲਟਰਸ (Deneille R. Walters) ਅਤੇ ਸਿਟੀ ਦੇ ਪਰਫੌਰਮਿੰਗ ਆਰਟਸ ਦੇ ਸਟਾਫ਼ ਦੇ ਨਾਲ, ਪਾਇਲਟ ਪ੍ਰੋਗਰਾਮ ਸ਼ੁਰੂ ਕੀਤਾ ਸੀ। ਟੀਮ ਨੇ ਆਉਣ ਵਾਲੇ ਸਾਲਾਂ ਲਈ ਪ੍ਰੋਗਰਾਮ ਵਾਸਤੇ ਫ੍ਰੇਮਵਰਕ ਤਿਆਰ ਕਰਨ ਲਈ, ਇਸ ਵਰਚੁਅਲ (ਆਭਾਸੀ) ਪਾਇਲਟ ਪ੍ਰੋਜੈਕਟ ਤੇ ਕੰਮ ਕੀਤਾ ਸੀ।

ਸ਼ਨੀਵਾਰ, 5 ਜੂਨ ਨੂੰ, ਦੁਪਹਿਰ ਬਾਅਦ 1 ਵਜੇ, 2021 ਦੇ ਪਾਇਲਟ ਪ੍ਰੋਗਰਾਮ, ਪ੍ਰੋਗਰਾਮ ਡਿਜ਼ਾਈਨਰਾਂ ਵਜੋਂ ਵਿਦਿਆਰਥੀਆਂ ਦੀਆਂ ਭੂਮਿਕਾਵਾਂ ਅਤੇ ਇਸ ਵਿੱਚ ਸ਼ਾਮਲ ਕਿਵੇਂ ਹੋਣਾ ਹੈ, ਬਾਰੇ ਹੋਰ ਜਾਣਨ ਲਈ, therosebrampton.ca ਤੇ ਵਰਚੁਅਲ ਪ੍ਰੈਜੈਂਟੇਸ਼ਨ ਵਿੱਚ ਸ਼ਾਮਲ ਹੋਵੋ।

2022 ਵਿੱਚ, ਯੂਨੀਵਰਸਿਟੀ ਅਤੇ ਕਾਲੇਜ ਦੇ ਬਿਨੈਕਾਰਾਂ ਲਈ ਇੱਕ ਭੁਗਤਾਨ ਵਾਲੀ ਇੰਟਰਨਸ਼ਿਪ ਥਾਂ ਖ੍ਹੋਲੀ ਜਾਵੇਗੀ ਅਤੇ ਹਾਈ-ਸਕੂਲ ਦੇ ਬਿਨੈਕਾਰਾਂ ਲਈ, ਚਾਰ ਕੋ-ਓਪ ਥਾਵਾਂ ਖ੍ਹੋਲੀਆਂ ਜਾਣਗੀਆਂ। ਇਹ ਪ੍ਰੋਗਰਾਮ ਦੇ ਦੁਆਰਾ ਉਪਲਬਧ ਹੋਣਗੀਆਂ। ਸਿਟੀ ਆਫ ਬ੍ਰੈਂਪਟਨ ਦਾ ਇੰਟਰਨਸ਼ਿਪ ਕੋ-ਓਪ ਪ੍ਰੋਗਰਾਮ, ਕਮਿਉਨਿਟੀ ਦੇ ਵੰਨ-ਸੁਵੰਨੇ ਕਾਰਜਬਲ ਸਬੰਧੀ ਚਿੰਤਨ ਵੱਲ ਧਿਆਨ ਖਿੱਚਣ ਅਤੇ ਇਸ ਵਿੱਚ ਵਾਧਾ ਕਰਨ ਤੇ ਧਿਆਨ ਕੇਂਦਰਿਤ ਕਰਨ ਲਈ, ਸਿਟੀ ਦੀ ਡਾਈਵਰਸਿਟੀ ਐਂਡ ਇਨਕਲੂਜਨ ਸਟ੍ਰੈਟਜੀ (Diversity and Inclusion Strategy) ਦੇ ਮੁਤਾਬਕ ਤਿਆਰ ਕੀਤਾ ਗਿਆ ਹੈ।

## ਬ੍ਰੈਂਪਟਨ ਦੇ ਮੋਜ਼ੈਕ ਦਾ ਜਸ਼ਨ ਮਨਾਉਣਾ

ਬ੍ਰੈਂਪਟਨ, ਕੈਨੇਡਾ ਵਿੱਚ ਸਭ ਤੋਂ ਵੱਧ ਨੌਜਵਾਨ ਅਬਾਦੀ ਵਾਲੇ ਸ਼ਹਿਰਾਂ ਵਿੱਚੋਂ ਇੱਕ ਹੈ, ਜਿੱਥੇ 14 ਅਤੇ 29 ਸਾਲ ਦੇ ਵਿਚਕਾਰ ਦੇ 130,600 ਤੋਂ ਵੱਧ ਨੌਜਵਾਨ ਹਨ। ਇਸ ਸਾਲ, ਸਿਟੀ ਦੇ ਅਰਥਚਾਰੇ ਨੂੰ ਅੱਗੇ ਰੱਖਣ ਵਾਸਤੇ, ਬ੍ਰੈਂਪਟਨ ਨੂੰ 27 ਸ਼ਹਿਰਾਂ ਦੀ ਸੂਚੀ ਵਿੱਚ 18ਵੇਂ ਦੀ ਸ਼੍ਰੇਣੀ ਵਿੱਚ ਰੱਖਦੇ ਹੋਏ, ਨੌਜਵਾਨਾਂ ਵਾਸਤੇ ਕੰਮ ਕਰਨ ਲਈ ਆਰ.ਬੀ.ਸੀ. ਦੇ ਸਭ ਤੋਂ ਵਧੀਆ ਸ਼ਹਿਰਾਂ (RBC's Best Cities for Youth to Work) ਵਿੱਚੋਂ ਇੱਕ ਨਿਸ਼ਚਿਤ ਕੀਤਾ ਗਿਆ ਸੀ।

ਮਾਰਚ 2020 ਵਿੱਚ, ਸਿਟੀ ਆਫ ਬ੍ਰੈਂਪਟਨ ਨੂੰ ਪਲੇ ਵਰਕਸ (Play Works) ਵੱਲੋਂ ਪਲੈਟੀਨਮ ਯੂਥ ਫ੍ਰੈਂਡਲੀ ਕਮਿਉਨਿਟੀ (Platinum Youth Friendly Community) ਦੀ ਪਦਵੀ ਮਿਲੀ ਸੀ। ਇਹ ਪਾਰਕਸ ਐਂਡ ਰੇਕ੍ਰੀਏਸ਼ਨ ਓਨਟੈਰੀਓ (Parks and Recreation Ontario) ਦੁਆਰਾ ਹਿਮਾਇਤ ਵਾਲਾ ਪ੍ਰੋਗਰਾਮ ਹੈ। ਇਹ ਤੀਜੀ ਵਾਰ ਹੈ, ਜਦੋਂ ਸਿਟੀ ਨੂੰ ਨੌਜਵਾਨਾਂ ਲਈ ਵਾਧੇ ਅਤੇ ਵਿਕਾਸ ਦੇ ਮੌਕਿਆਂ ਵਾਸਤੇ, ਇਸਦੀ ਸ਼ਾਨਦਾਰ ਵਚਨਬੱਧਤਾ ਲਈ ਮਾਨਤਾ ਦਿੱਤੀ ਗਈ ਹੈ।

ਕਾਰਜਸਥਾਨ ਅਤੇ ਕਮਿਉਨਿਟੀ ਵਿੱਚ ਰੁਕਾਵਟਾਂ ਦੀ ਪਛਾਣ ਕਰਨ ਅਤੇ ਉਹਨਾਂ ਨੂੰ ਦੂਰ ਕਰਨ ਲਈ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਦਸੰਬਰ 2020 ਵਿੱਚ ਇਕਵਿਟੀ ਆਫਿਸ (Equity Office) ਦੀ ਸਥਾਪਨਾ ਕੀਤੀ ਸੀ। ਇਕਵਿਟੀ ਆਫਿਸ, ਸਾਰੇ ਵਿਅਕਤੀਆਂ ਲਈ ਨਿਰਪੱਖ ਅਤੇ ਬਰਾਬਰੀ ਦੇ ਵਿਵਹਾਰ ਨੂੰ ਯਕੀਨੀ ਬਣਾਉਣ ਲਈ ਕੰਮ ਕਰੇਗਾ ਅਤੇ ਨਿਵਾਸੀਆਂ ਲਈ ਇਕਸਾਰਤਾ ਵਾਲੇ ਵਾਤਾਵਰਣ ਨੂੰ ਵਧਾਵੇਗਾ। ਜੂਨ 2020 ਵਿੱਚ, ਸਿਟੀ ਆਫ ਬ੍ਰੈਂਪਟਨ ਨੇ ਐਂਟੀ-ਬਲੈਕ ਨਸਲਵਾਦ ਦੇ ਵਿਰੁੱਧ ਅਰਥਪੂਰਣ ਕਾਰਵਾਈ ਕਰਨ ਲਈ ਅਤੇ ਬਲੈਕ ਵਿਅਕਤੀਆਂ ਨੂੰ ਸਫਲ ਅਤੇ ਰਚਨਾਤਮਕ ਬਣਾਉਣ ਵਾਸਤੇ ਉਹਨਾਂ ਦਾ ਸ਼ਕਤੀਕਰਨ ਕਰਨ ਲਈ, ਆਪਣੀ ਪਹਿਲੀ ਬਲੈਕ ਅਫਰੀਕੀ ਅਤੇ ਕੈਰੇਬੀਅਨ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸ਼ਕਤੀਕਰਨ ਅਤੇ ਐਂਟੀ-ਬਲੈਕ ਨਸਲਵਾਦ ਇਕਾਈ (Black African and Caribbean Social, Cultural and Economic Empowerment and Anti-Black Racism Unit) ਦੀ ਸ਼ੁਰੂਆਤ ਕੀਤੀ ਸੀ।

**ਹਵਾਲੇ**

“ਬ੍ਰੈਂਪਟਨ ਨੂੰ ਪਰਫੌਰਮਿੰਗ ਆਰਟਸ ਲਈ ਪਹਿਲੇ ਬਲੈਕ ਅਤੇ ਇੰਡੀਜੀਨਸ ਯੂਥ ਇੰਟਰਨਸ਼ਿਪ ਐਂਡ ਕੋ-ਓਪ ਪ੍ਰੋਗਰਾਮ ਵਿੱਚ ਮਦਦ ਕਰਨ ਤੇ ਮਾਣ ਹੈ। ਇਹ ਪ੍ਰੋਗਰਾਮ, ਬਲੈਕ ਅਤੇ ਇੰਡੀਜੀਨਸ ਯੂਥ ਦਾ ਜਸ਼ਨ ਮਨਾਵੇਗਾ ਅਤੇ ਉਹਨਾਂ ਦੀ ਸਥਿਤੀ ਨੂੰ ਉੱਚਾ ਚੁੱਕੇਗਾ, ਸੱਭਿਆਚਾਰਕ ਪਹੁੰਚ ਨੂੰ ਵਧਾਵੇਗਾ, ਪੇਸ਼ਾਵਰ ਵਿਕਾਸ ਲਈ ਮੌਕੇ ਪ੍ਰਦਾਨ ਕਰੇਗਾ ਅਤੇ ਵਿਦਿਆਰਥੀਆਂ ਨੂੰ, ਲਾਈਵ ਪਰਫੌਰਮਿੰਗ ਇੰਡਸਟਰੀ ਵਿੱਚ ਭਵਿੱਖੀ ਲੀਡਰਸ਼ਿਪ ਅਹੁਦਿਆਂ ਅਤੇ ਕੈਰੀਅਰਾਂ ਵਾਸਤੇ ਤਿਆਰ ਕਰੇਗਾ।”

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

“ਸਿਟੀ ਆਫ ਬ੍ਰੈਂਪਟਨ, ਨੌਜਵਾਨਾਂ ਦੀ ਅਵਾਜ਼ ਅਤੇ ਲੋੜਾਂ ਨੂੰ ਤਰਜੀਹ ਦੇਣ ਲਈ ਵਚਨਬੱਧ ਹੈ ਅਤੇ ਇਹ ਸਾਡੇ ਨੌਜਵਾਨਾਂ ਲਈ ਕਾਰਵਾਈ ਕਰਨ ਅਤੇ ਉਹਨਾਂ ਵਾਸਤੇ ਨਿਵੇਸ਼ ਕਰਨ ਦੇ ਮਹੱਤਵ ਨੂੰ ਪਛਾਣਦੀ ਹੈ ਅਤੇ ਉਸਦੀ ਕਦਰ ਕਰਦੀ ਹੈ। ਇੰਟਰਨਸ਼ਿਪ ਐਂਡ ਕੋ-ਓਪ ਪ੍ਰੋਗਰਾਮ, ਨੌਜਵਾਨਾਂ ਨੂੰ ਬੇਹੱਦ ਫਾਇਦਾ ਦੇਣਗੇ। ਮੈਨੂੰ ਇਹ ਕਹਿੰਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ ਕਿ ਬ੍ਰੈਂਪਟਨ, ਪਰਫੌਰਮਿੰਗ ਆਰਟਸ ਵਿੱਚ ਬਲੈਕ ਅਤੇ ਇੰਡੀਜੀਨਸ ਯੂਥ ਲਈ ਇਹ ਪ੍ਰੋਗਰਾਮ ਪੇਸ਼ ਕਰਨ ਵਾਲਾ, ਕੈਨੇਡਾ ਦਾ ਪਹਿਲਾ ਸ਼ਹਿਰ ਹੈ।”

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ; ਵਾਰਡਸ 1 ਅਤੇ 5; ਚੇਅਰ, ਕਮਿਉਨਿਟੀ ਸਰਵਿਸਿਜ਼; ਸਿਟੀ ਆਫ ਬ੍ਰੈਂਪਟਨ*

“ਬਲੈਕ ਅਤੇ ਇੰਡੀਜੀਨਸ ਯੂਥ ਤੇ ਖਾਸ ਤੌਰ ਤੇ ਧਿਆਨ ਕੇਂਦਰਿਤ ਕਰਨ ਦੇ ਨਾਲ ਸਿਟੀ ਆਫ ਬ੍ਰੈਂਪਟਨ, ਬਰਾਬਰੀ ਅਤੇ ਸਮਾਜਿਕ ਪ੍ਰਭਾਵ ਦੇ ਪ੍ਰਤੀ ਕਾਰਵਾਈ ਕਰਨ ਅਤੇ ਬਲੈਕ ਅਤੇ ਇੰਡੀਜੀਨਸ ਯੂਥ ਦੇ ਸਾਹਮਣੇ, ਆਰਟਸ ਵਿੱਚ ਟ੍ਰੇਨਿੰਗ ਅਤੇ ਮੌਕਿਆਂ ਤੱਕ ਪਹੁੰਚਣ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨ ਦੇ ਮਹੱਤਵ ਨੂੰ ਸਮਝਦੀ ਹੈ।”

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

“ਇਕੋਨੋਮਿਕ ਐਮਪਾਵਰਮੈਂਟ ਐਂਡ ਐਂਟੀ-ਬਲੈਕ ਨਸਲਵਾਦ ਇਕਾਈ ਦੇ ਟੀਚਿਆਂ ਵਿੱਚੋਂ ਇੱਕ ਹੈ, ਬਲੈਕ ਅਤੇ ਇੰਡੀਜੀਨਸ ਯੂਥ ਦੀ ਉਪਲਬਧੀ ਵਾਸਤੇ ਮੌਕਿਆਂ ਦੀ ਪਛਾਣ ਕਰਨਾ ਅਤੇ ਉਹਨਾਂ ਨੂੰ ਵਿਕਸਿਤ ਕਰਨਾ। ਨੌਜਵਾਨਾਂ ਨੂੰ ਅਗਵਾਈ ਕਰਨ ਲਈ ਉਤਸ਼ਾਹਿਤ ਕਰਨਾ ਬਹੁਤ ਜ਼ਰੂਰੀ ਹੈ ਅਤੇ ਅਜਿਹਾ ਕਰਨ ਵਾਸਤੇ ਇਹ ਪ੍ਰੋਗਰਾਮ ਬਹੁਤ ਵਧੀਆ ਹੈ, ਕਿਉਂਕਿ ਇਹ ਨਿੱਜੀ ਅਤੇ ਪੇਸ਼ਾਵਰ ਵਾਧੇ ਲਈ ਮੌਕਿਆਂ ਵਾਸਤੇ ਪ੍ਰੇਰਿਤ ਕਰਦਾ ਹੈ। ਮੈਂ ਲਾਈਵ ਪਰਫੌਰਮਿੰਗ ਆਰਟਸ ਇੰਡਸਟਰੀ ਵਿੱਚ ਨਾਮ ਕਮਾਉਣ ਦੀਆਂ ਉਹਨਾਂ ਦੀਆਂ ਸੰਭਾਵਨਾਵਾਂ ਲਈ ਖੁਸ਼ ਹਾਂ ਅਤੇ ਇਸਨੂੰ ਸੰਭਵ ਬਣਾਉਣ ਵਿੱਚ ਮਦਦ ਕਰਨ ਵਾਸਤੇ, ਅਲਗੋਮਾ ਯੂਨੀਵਰਸਿਟੀ ਦੀ ਧੰਨਵਾਦੀ ਹਾਂ!”

- *ਗਵਿਨੇਥ ਚੈਪਮੈਨ (Gwyneth Chapman); ਸੀਨੀਅਰ ਐਡਵਾਈਜ਼ਰ, ਬਲੈਕ ਅਫਰੀਕੀ ਅਤੇ ਕੈਰੇਬੀਅਨ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸ਼ਕਤੀਕਰਨ ਅਤੇ ਐਂਟੀ-ਬਲੈਕ ਨਸਲਵਾਦ ਇਕਾਈ; ਸਿਟੀ ਆਫ ਬ੍ਰੈਂਪਟਨ*

"ਸਾਡੀ ਪਰਫੌਰਮਿੰਗ ਆਰਟਸ ਟੀਮ ਵਿੱਚ ਕੋ-ਓਪ ਵਿਦਿਆਰਥੀਆਂ ਅਤੇ ਇੰਟਰਨਸ ਦਾ ਸੁਆਗਤ ਕਰਨਾ, ਸਾਡੀ ਕਮਿਉਨਿਟੀ ਵਿੱਚ ਬਲੈਕ ਅਤੇ ਇੰਡੀਜੀਨਸ ਯੂਥ ਦੀ ਹੋਰ ਮਦਦ ਕਰਨ ਦਾ ਇੱਕ ਸ਼ਾਨਦਾਰ ਮੌਕਾ ਹੈ। ਸਾਨੂੰ ਆਸ ਹੈ ਕਿ ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀ, ਪਰਫੌਰਮਿੰਗ ਆਰਟਸ ਵਿੱਚ ਕੈਰੀਅਰਾਂ ਦੀ ਪੜਤਾਲ ਕਰਨਗੇ, ਆਪਣੇ ਸਿੱਖਣ ਦੇ ਟੀਚਿਆਂ ਦੇ ਪ੍ਰਤੀ ਕੰਮ ਕਰਨਗੇ ਅਤੇ ਬ੍ਰੈਂਪਟਨ ਵਿੱਚ ਨੌਜਵਾਨਾਂ ਦਾ ਜਸ਼ਨ ਮਨਾਉਣ ਅਤੇ ਉਹਨਾਂ ਦੀ ਸਥਿਤੀ ਨੂੰ ਉੱਚਾ ਚੁੱਕਣ ਵਾਲੀਆਂ ਨਵੀਆਂ ਪਹਿਲਕਦਮੀਆਂ ਪੈਦਾ ਕਰਨਗੇ!"

- *ਸਟੀਵਨ ਸ਼ਿੱਪਰ (Steven Schipper), ਐਗਜੀਕਿਉਟਿਵ ਆਰਟਿਸਟਿਕ ਡਾਇਰੈਕਟਰ, ਪਰਫੌਰਮਿੰਗ ਆਰਟਸ, ਸਿਟੀ ਆਫ ਬ੍ਰੈਂਪਟਨ*

"ਜਦੋਂ ਇਸ ਤਰ੍ਹਾਂ ਦੀ ਮਹੱਤਵਪੂਰਣ ਪਹਿਲਕਦਮੀ ਦਾ ਹਿੱਸਾ ਬਣਨ ਦਾ ਮੌਕਾ ਆਇਆ, ਤਾਂ ਅਸੀਂ ਇਸਨੂੰ ਖੁਸ਼ੀ ਨਾਲ ਸਵੀਕਾਰ ਕੀਤਾ। ਸਿਟੀ ਆਫ ਬ੍ਰੈਂਪਟਨ ਦਾ ਪਰਫੌਰਮਿੰਗ ਆਰਟਸ ਕੋ-ਓਪ ਅਤੇ ਇੰਟਰਨਸ਼ਿਪ ਪ੍ਰੋਗਰਾਮ, ਨੌਜਵਾਨਾਂ ਨੂੰ ਆਉਣ ਵਾਲੇ ਸਾਲਾਂ ਵਿੱਚ ਕੈਰੀਅਰ-ਤਿਆਰ ਕਰਨ ਦਾ ਅਧਾਰ ਦੇਣ ਲਈ, ਵਿਦਿਆਰਥੀਆਂ ਨੂੰ ਮਹੱਤਵਪੂਰਣ ਸੌਫਟ ਅਤੇ ਹਾਰਡ ਕੁਸ਼ਲਤਾਵਾਂ ਵਿਕਸਿਤ ਕਰਨ ਦਾ ਸ਼ਾਨਦਾਰ ਮੌਕਾ ਪ੍ਰਦਾਨ ਕਰੇਗਾ। ਅਸੀਂ ਅਜਿਹੇ ਪ੍ਰੋਗਰਾਮ ਦਾ ਹਿੱਸਾ ਬਣਨ ਲਈ ਉਤਸ਼ਾਹਿਤ ਹਾਂ, ਜੋ ਸਾਡੀਆਂ ਕਮਿਉਟੀਜ ਦੇ ਅੰਦਰ ਸ਼ਮੂਲੀਅਤ, ਵੰਨ-ਸੁਵੰਨਤਾ ਅਤੇ ਕ੍ਰੌਸ-ਕਲਚਰਲ ਸਿਖਲਾਈ ਅਤੇ ਅਨੁਭਵ ਨੂੰ ਵਧਾਉਣ ਦਾ ਯਤਨ ਕਰਦਾ ਹੈ। ਇਸ ਪ੍ਰੋਗਰਾਮ ਵਿੱਚ ਮਦਦ ਕਰਨ ਦੇ ਯੋਗ ਹੋਣ ਤੇ ਅਸੀਂ ਮਾਣ ਅਤੇ ਸਨਮਾਨਿਤ ਮਹਿਸੂਸ ਕਰ ਰਹੇ ਹਾਂ। ਸਾਨੂੰ ਬ੍ਰੈਂਪਟਨ ਵਿੱਚ ਹੋਣ, ਬ੍ਰੈਂਪਟਨ ਦੇ ਵਾਧੇ ਦਾ ਹਿੱਸਾ ਬਣਨ ਅਤੇ ਨੌਜਵਾਨਾਂ ਨੂੰ ਉਹਨਾਂ ਦੇ ਸਿੱਖਿਆ ਸਬੰਧੀ ਸਫਰ ਦੇ ਸਾਰੇ ਪੜਾਵਾਂ ਵਿੱਚ ਸਹਿਯੋਗ ਕਰਨ ਦੀ ਬੇਹੱਦ ਖੁਸ਼ੀ ਹੈ।"

- *ਕ੍ਰੇਗ ਫਾਉਲਰ (Craig Fowler), ਵਾਈਸ-ਪ੍ਰੈਜੀਡੈਂਟ, ਗ੍ਰੋਥ, ਇਨੋਵੇਸ਼ਨ ਐਂਡ ਐਕਸਟਰਨਲ ਰਿਲੇਸ਼ਨਸ, ਅਲਗੋਮਾ ਯੂਨੀਵਰਸਿਟੀ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca